# BUDHA DAL PUBLIC SCHOOL PATIALA

## Pre Board Examination (10 December 2025)

**Class - X**

**Paper - Punjabi (Set-A)**

**MM: 80**

**Time: 3 hrs.**

**ਆਮ ਨਿਰਦੇਸ਼:**

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

### ਭਾਗ-ੳ

**1.** ਹੇਠਾਂ ਦਿੱਤਾ ਪੈਰ੍ਹਾ ਪੜ੍ਹ ਕੇ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ : (6×1=6) (6×1=6)

ਚਰਖਾ ਸਾਡੇ ਪੁਰਾਣੇ ਸਮੇਂ ਦੇ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਅੰਗ ਹੈ। ਦੇਖਣ ਨੂੰ ਇਹ ਲੱਕੜ ਦਾ ਬਣਿਆ ਇੱਕ ਬੇਜਾਨ ਢਾਂਚਾ ਹੈ। ਪਰ ਗਹੁ ਨਾਲ਼ ਦੇਖੀਏ ਤਾਂ ਪਤਾ ਲੱਗਦਾ ਹੈ ਇਸ ਦੇ ਕੁਝ ਅੰਗ ਸੱਚੀ ਮੁੱਚੀ ਤਾਂ ਨਹੀਂ ਪਰ ਝੂਠ-ਮੂਠ ਦੇ ਢੰਗ ਨਾਲ਼ ਜਿਊਂਦੇ ਜਾਗਦੇ ਹਨ। ਇਸ ਝੂਠ-ਮੂਠ ਜਾਂ ਬਨਾਵਟ ਦੇ ਸੱਚ ਨੂੰ ਹੀ ਕਲਾ ਦਾ ਨਾਂ ਦਿੱਤਾ ਗਿਆ ਹੈ। ਗੱਲ ਇੰਞ ਹੈ ਕਿ ਚਰਖੇ ਦੀ ਬਣਤਰ ਵਿੱਚ ਫੱਟਾ ਦੇ ਦੋਹੀਂ ਪਾਸੇ ਖੜਵੇ ਦਾ ਗੁਲਾਈਦਾਰ ਘਾੜਤ ਦੀਆਂ ਦੋ ਲੱਕੜਾਂ ਹੁੰਦੀਆਂ ਹਨ ਕੁਝ ਉੱਚੀਆਂ ਮੋਟੀਆਂ ਜਿਵੇਂ ਮੰਜੇ ਦੇ ਪਾਵੇ। ਇਹਨਾਂ ਦਾ ਉੱਪਰਲਾ ਸਿਰਾ ਗੋਲ ਤੇ ਭਾਰਾ ਹੁੰਦਾ ਹੈ। ਇਹਨਾਂ ਨੂੰ ਮੁੰਨੇ ਕਿਹਾ ਜਾਂਦਾ ਹੈ ਜੋ ਉਸ ਮੁੰਡੇ ਅਰਥਾਤ ਲੜਕੇ ਦਾ ਦੂਜਾ ਰੂਪ ਹੈ। ਇੱਥੇ ਹੀ ਬਸ ਨਹੀਂ ਚਰਖੇ ਦੇ ਤਕਲੇ ਨੂੰ ਸਹਾਰਾ ਦੇਣ ਲਈ ਉਪਰੋਕਤ ਢੰਗ ਦੀਆਂ ਤਿੰਨ ਲੱਕੜਾਂ ਹੁੰਦੀਆਂ ਹਨ ਜੋ ਮੁੰਨਿਆਂ ਦੇ ਟਾਕਰੇ ਘੱਟ ਉੱਚੀਆਂ ਤੇ ਘੱਟ ਮੋਟੀਆਂ ਹੁੰਦੀਆਂ ਹਨ। ਇਹ ਹਨ ਚਰਚੀਆਂ ਦੀਆਂ ਮੁੰਨੀਆਂ ਅਰਥਾਤ ਕੁੜੀਆਂ ਜਾਂ ਕਾਕੀਆਂ। ਇਹਨਾਂ ਦਾ ਨਾਂ ਗੁੱਡੀਆਂ ਵੀ ਹੈ ਜਿਸ ਦੀ ਤਾਣ ਵੀ ਇੱਥੇ ਹੀ ਟੁੱਟਦੀ ਹੈ ਕਿਉਂਕਿ ਗੋਡੇ ਦੇ ਦੂਜੇ ਅਰਥ ਖੇਡਣ ਵਾਲ਼ੀ ਵਸਤੂ ਤੇ ਛੁੱਟ ਛੋਟੀ ਕੁੜੀ ਜਾਂ ਮੁੰਨੀ ਦੇ ਵੀ ਹਨ। ਸਾਡੇ ਸ਼ਬਦ ਪੁੱਤਰ ਪੁੱਤਰੀ ਅਤੇ ਮਾਂ ਬਾਪ ਦੇ ਦ੍ਰਿਸ਼ਟੀ ਤੋਂ ਛੁਟਾਈ ਅਤੇ ਸਨੇਹ ਦੀ ਭਾਅ ਮਾਰਦੇ ਹਨ। ਤੁਸੀਂ ਉਹ ਲੱਕੜਹਾਰੇ ਦੀ ਸਿਰਜਣ ਸ਼ਕਤੀ ਦੇ ਕਿਵੇਂ ਦਾਦ ਦੇਵੋਗੇ। ਇਸੇ ਤਰ੍ਹਾਂ ਕੱਠਪੁਤਲੇ ਜਾਂ ਕੱਠਪੁਤਲੀਆਂ ਦਾ ਜਨਮ ਹੋਇਆ ਜੋ ਪ੍ਰਤੱਖ ਹੀ ਪੁੱਤਰੀ ਦਾ ਕਲਪਿਤ ਰੂਪ ਹੈ।

ਪ੍ਰਸ਼ਨ (i) ਚਰਖਾ ਵੇਖਣ ਨੂੰ ਲੱਕੜ ਦਾ ਕਿਹੋ ਜਿਹਾ ਢਾਂਚਾ ਜਾਪਦਾ ਹੈ ?

- (ੳ) ਬੇਜਾਨ
- (ਅ) ਜਾਨਦਾਰ
- (ੲ) ਨਰਮ ਜਿਹਾ
- (ਸ) ਬੱਚਿਆਂ ਵਰਗਾ

ਪ੍ਰਸ਼ਨ (ii) ਝੂਠ-ਮੂਠ ਜਾਂ ਬਨਾਵਟ ਦੇ ਸੱਚ ਨੂੰ ਕੀ ਨਾਂ ਦਿੱਤਾ ਗਿਆ ਹੈ ?

- (ੳ) ਲੱਕੜ ਦਾ
- (ਅ) ਕਲਾ ਦਾ
- (ੲ) ਚਰਖੇ ਦਾ
- (ਸ) ਸੱਭਿਆਚਾਰ ਦਾ ਅੰਗ

ਪ੍ਰਸ਼ਨ (iii) ਫੱਟਾਂ ਦੇ ਦੋਵੇਂ ਪਾਸੇ ਗੋਲਾਈਦਾਰ ਕਿੰਨੀਆਂ ਲੱਕੜਾਂ ਹੁੰਦੀਆਂ ਹਨ ?

- (ੳ) ਤਿੰਨ
- (ਅ) ਚਾਰ
- (ੲ) ਦੋ
- (ਸ) ਇੱਕ

ਪ੍ਰਸ਼ਨ (iv) ਉੱਪਰਲੇ ਗੋਲ ਤੇ ਭਾਰੇ ਸਿਰੇ ਨੂੰ ਕੀ ਕਿਹਾ ਜਾਂਦਾ ਹੈ ?

- (ੳ) ਚਰਖਾ
- (ਅ) ਮੁੰਨੇ
- (ੲ) ਮੁੰਨੀਆ
- (ਸ) ਤਕਲਾ

ਪ੍ਰਸ਼ਨ (v) ਕਿਸ ਨੂੰ ਸਹਾਰਾ ਦੇਣ ਲਈ ਤਿੰਨ ਲੱਕੜਾਂ ਲੱਗੀਆਂ ਹੁੰਦੀਆਂ ਹਨ ?

- (ੳ) ਚਰਖੇ ਨੂੰ
- (ਅ) ਮੁੰਨੀਆਂ ਨੂੰ
- (ੲ) ਮੁੰਨਿਆਂ ਨੂੰ
- (ਸ) ਤਕਲੇ ਨੂੰ

ਪ੍ਰਸ਼ਨ (vi) ਕਿਸ ਦੇ ਹੱਥਾਂ ਦੀ ਸ਼ੋਭ ਨਾਲ਼ ਲੱਕੜ ਦੇ ਟੁੱਕੜੇ ਮੁੰਡੇ ਜਾਂ ਕੁੜੀ ਦੇ ਰੂਪ ਵਿੱਚ ਬਦਲ ਗਏ ਹਨ?

- (ੳ) ਸਿਰਜਣਹਾਰੇ ਦੀ
- (ਅ) ਲੱਕੜਹਾਰੇ ਦੀ
- (ੲ) ਮੁਟਿਆਰਾਂ ਦੇ
- (ਸ) ਮਾਂ ਬਾਪ ਦੇ

A-1

Scanned with OKEN Scanner

2. ਹੇਠਾਂ ਦਿੱਤੀ ਕਾਵਿ-ਟੁੱਕੜੀ ਨੂੰ ਧਿਆਨ ਨਾਲ਼ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ : (4×1=4)

> ਭਗਤ ਸਿੰਘ ਜਿਹੇ ਪੁੱਤਰ ਤੇਰੇ ਊਧਮ ਸਿੰਘ ਸਰਾਭੇ
> ਡੁੱਲ੍ਹੇ ਖ਼ੂਨ ਦਾ ਬਦਲਾ ਉਸ ਨੇ ਤੋਲ ਲਿਆ ਵਿੱਚ ਛਾਬੇ
> ਗੋਰੀ ਅਣਖ ਨੂੰ ਰੰਡੀ ਕਰ ਗਏ ਤੇਰੇ ਗਦਰੀ ਬਾਬੇ
> ਜੈ ਭਾਰਤ ਜੈ ਭਾਰਤ ਮਾਤਾ, ਲਹੂਆਂ ਦੇ ਸੰਗ ਲਿਖੀ ਗਈ ਹੈ,
> ਅਣਖ ਤੇਰੀ ਦੀ ਗਾਥਾ ਜੈ ਭਾਰਤ ਜੈ ਭਾਰਤ ਮਾਤਾ।

ਪ੍ਰਸ਼ਨ (i) ਕਾਵਿ-ਟੁਕੜੀ ਵਿੱਚ ਕਿਹੜੇ-ਕਿਹੜੇ ਦੇਸ਼ ਭਗਤਾਂ ਦੇ ਨਾਂ ਆਏ ਹਨ ?

ਪ੍ਰਸ਼ਨ (ii) ਦੇਸ਼ ਭਗਤਾਂ ਨੇ ਕਿਹੜਾ ਬਦਲਾ ਲਿਆ ?

ਪ੍ਰਸ਼ਨ (iii) ਗੋਰੀ ਅਣਖ ਨੂੰ ਕੌਣ ਰੰਡੀ ਕਰ ਗਏ ?

ਪ੍ਰਸ਼ਨ (iv) ਭਾਰਤ ਦੀ ਗਾਥਾ ਕਿਸ ਦੇ ਸੰਗ ਲਿਖੀ ਗਈ ਹੈ ?

## ਭਾਗ-II

### ਵਿਆਕਰਨ

3. ਹੇਠਾਂ ਦਿੱਤੇ ਸਮਾਸੀ ਸ਼ਬਦ ਵਿੱਚੋਂ ਕਿਸੇ ਦੋ ਦੇ ਸਹੀ ਉੱਤਰ ਦੱਸੋ : (1×2=2)

(i) ਹੇਠ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ :

(ੳ) ਸਮਾਜ-ਸੇਵਕ ☐ (ਅ) ਸੇਵਕ-ਸਮਾਜ ☐

(ੲ) ਦੌੜ-ਘਰ ☐ (ਸ) ਮੁਕਤ-ਸੇਵਾ ☐

(ii) ਹੇਠ ਲਿਖਿਆਂ ਵਿੱਚੋਂ ਸਹੀ ਸਮਾਨਾਰਥਕ ਸਮਾਸੀ ਸ਼ਬਦ ਚੁਣੋ :

(ੳ) ਉੱਚੀ-ਉੱਚੀ ☐ (ਅ) ਵਿਆਹ-ਸ਼ਾਦੀ ☐

(ੲ) ਪਾਣੀ-ਧਾਣੀ ☐ (ਸ) ਸੋਨਾ-ਚਾਂਦੀ ☐

(iii) [illegible] ਸਹੀ ਵਿਰੋਧੀ ਸਮਾਸੀ ਸ਼ਬਦ ਚੁਣੋ :

(ੳ) ਸਾਫ਼-ਸੁਥਰਾ ☐ (ਅ) ਆਪਣਾ-ਪਰਾਇਆ ☐

(ੲ) ਗਰਮਾ-ਗਰਮ ☐ (ਸ) ਉੱਚੀ-ਉੱਚੀ ☐

### ਬਹੁ-ਅਰਥਕ ਸ਼ਬਦ

4. ਹੇਠਾਂ ਦਿੱਤੇ ਬਹੁ-ਅਰਥਕ ਸ਼ਬਦਾਂ ਵਿੱਚੋਂ ਕਿਸੇ ਦੋ ਦੇ ਸਹੀ ਉੱਤਰ ਦੱਸੋ : (2×1=2)

(i) 'ਦਾਲ ਦੇ ਛਿਲਕੇ ਪਾਣੀ 'ਤੇ ... ਆਏ। ਇੱਟਾਂ ... ਕਰ ਦਿਓ। ਮਿਹਨਤੀ ... ਜਾਂਦੇ ਹਨ। ਮੋਹਨ ਨਦੀ ਵਿੱਚ ... ਰਿਹਾ ਸੀ। ... ਖਾਣੀ ਚੰਗੀ ਹੁੰਦੀ ਹੈ।' ਇਸ ਵਾਕ ਵਿੱਚ ਕਿਹੜਾ ਢੁੱਕਵਾਂ ਸ਼ਬਦ ਆਏਗਾ ?

(ੳ) ਰੁੜ੍ਹ ☐ (ਅ) ਭਿਉਂ ☐

(ੲ) ਖੇਡ ☐ (ਸ) ਤਰ ☐

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਬੋਲੀ' ਦਾ ਬਹੁ-ਅਰਥਕ ਸ਼ਬਦ ਹੈ ?

(ੳ) ਤਾਰਨਾ ☐ (ਅ) ਦੁੱਖ ☐

(ੲ) ਲਿਪੀ ☐ (ਸ) ਹਾਸਾ ☐

(iii) 'ਖੱਟੀ' ਸ਼ਬਦ ਦਾ ਬਹੁਅਰਥਕ ਸ਼ਬਦ ਸਮੂਹ ਚੁਣੋ।

(ੳ) ਕਮਾਈ, ਘਟਾਮ ☐ (ਅ) ਟੱਲੀ, ਹਾਰ ☐

(ੲ) ਨਿਸ਼ਾਨੀ, ਰੋਟੀ ☐ (ਸ) ਟੀਕਾ, ਬਿੰਦੀ ☐

### ਕਿਰਿਆ ਵਿਸ਼ੇਸ਼ਣ

5. ਹੇਠਾਂ ਦਿੱਤੇ ਕਿਰਿਆ ਵਿਸ਼ੇਸ਼ਣ ਦੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਸਹੀ ਉੱਤਰ ਦੱਸੋ : (2×1=2)

(i) ਕਿਰਿਆ ਵਿਸ਼ੇਸ਼ਣ ਤੋਂ ਕੀ ਭਾਵ ਹੈ ?

(ੳ) ਵਾਕ ਵਿੱਚ ਉਹ ਸ਼ਬਦ ਜਿਹੜੇ ਕਿਰਿਆ ਦੀ ਕਾਲ ਸਹਿਤ ਵਿਸ਼ੇਸ਼ਤਾ ਦੱਸਣ। ☐

(ਅ) ਵਾਕ ਵਿੱਚ ਉਹ ਸ਼ਬਦ ਜਿਹੜੇ ਕਿਰਿਆ ਦੀ ਵਿਸ਼ੇਸ਼ਤਾ ਨਹੀਂ ਦੱਸਦੇ ਹਨ। ☐

(ੲ) ਵਾਕ ਵਿੱਚ ਉਹ ਸ਼ਬਦ ਜਿਹੜੇ ਸਭ ਦੀ ਵਿਸ਼ੇਸ਼ਤਾ ਦੱਸਣ। ☐

(ਸ) ਉਪਰੋਕਤ ਸਾਰੇ ਸਹੀ ਹਨ। ☐

A-2

Scanned with OKEN Scanner

(ii) ਕਿਰਿਆ ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ ?

(ੳ) ਸੱਤ ਕਿਸਮਾਂ ◯ (ਅ) ਅੱਠ ਕਿਸਮਾਂ ◯

(ੲ) ਪੰਜ ਕਿਸਮਾਂ ◯ (ਸ) ਛੇ ਕਿਸਮਾਂ ◯

(iii) 'ਕਰਨ ਕਲਾਸ ਵਿੱਚ ਬੈਠਾ ਲਿਖ ਰਿਹਾ ਹੈ।' ਇਸ ਵਾਕ ਵਿੱਚੋਂ ਕਿਰਿਆ ਵਿਸ਼ੇਸ਼ਣ ਦੀ ਚੋਣ ਕਰੋ।

(ੳ) ਕਰਨ ◯ (ਅ) ਲਿਖ ◯

(ੲ) ਬੈਠਾ ◯ (ਸ) ਕਲਾਸ ◯

**6.** ਅਗੇਤਰ-ਪਿਛੇਤਰ (1+1=2)

(i) ਹੇਠ ਲਿਖਿਆਂ ਵਿੱਚੋਂ ਕਿਸੇ ਦੋ ਅਗੇਤਰਾਂ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ : (1)

ਉ, ਦੁਰ

(ii) ਹੇਠ ਲਿਖਿਆਂ ਵਿੱਚੋਂ ਕਿਸੇ ਦੋ ਪਿਛੇਤਰਾਂ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ : (1)

ਆਲਾ, ਖਾਨਾ

**7.** ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਚਾਰ ਦੇ ਅਰਥ ਦੱਸ ਕੇ ਢੁੱਕਵੇਂ ਵਾਕ ਬਣਾਓ : (4×1=4)

ਕੰਨਾਂ ਨੂੰ ਹੱਥ ਲਾਉਣੇ, ਖਾਣ ਨੂੰ ਪੈਣਾ, ਗਲ਼ ਪੈਣਾ, ਕੰਨ 'ਤੇ ਜੂੰ ਨਾ ਸਰਕਣੀ, ਚਾਦਰ ਵੇਖ ਕੇ ਪੈਰ ਪਸਾਰਨੇ।

## ਭਾਗ-III

**8.** ਹੇਠ ਲਿਖਿਆਂ ਵਿੱਚੋਂ ਕਿਸ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : (8×1=8)

(i) ਨਾਨਕ ਦੁਖੀਆ ਸਭੁ ਸੰਸਾਰ ॥

ਪ੍ਰਮੁੱਖ ਨੁਕਤੇ : ਤੁਕ ਦਾ ਅਰਥ ... ਸੰਸਾਰ ਵਿੱਚ ਸਾਰੇ ਦੁਖੀ ਹਨ ... ਦੁੱਖਾਂ ਦਾ ਮੂਲ ਕਾਰਨ ... ਦੁੱਖ-ਸੁੱਖ ਜੀਵਨ ਦਾ ਹਿੱਸਾ ਹਨ ... ਦੁੱਖ ਦਾਰੂ ਹੈ ... ਪ੍ਰਭੂ ਸਿਮਰਨ ਹੀ ਦੁੱਖਾਂ ਦਾ ਦਾਰੂ ਹੈ ... ਸਿੱਟਾ।

(ii) ਸਮੇਂ ਦੀ ਕਦਰ

ਪ੍ਰਮੁੱਖ ਨੁਕਤੇ : ਭੂਮਿਕਾ ... ਸਾਡੀਆਂ ਆਦਤਾਂ ... ਕੁਦਰਤ ਅਤੇ ਸਮਾਂ ... ਮਨੁੱਖ ਅਤੇ ਸਮਾਂ ... ਵੱਡੇ ਵਿਅਕਤੀਆਂ ਦੇ ਮਹਾਨ ਬਣਨ ਦਾ ਰਾਜ ... ਵਿਦੇਸ਼ਾਂ ਵਿੱਚ ਸਮੇਂ ਦੀ ਕਦਰ ... ਸਮਾਂ ਨਸ਼ਟ ਕਰਨ ਦੇ ਨੁਕਸਾਨ ... ਸਿੱਟਾ।

(iii) ਵਿਦੇਸ਼ ਜਾਣਾ ਮਜਬੂਰੀ ਜਾਂ ਲਾਲਚ

ਪ੍ਰਮੁੱਖ ਨੁਕਤੇ : ਭੂਮਿਕਾ ... ਵਿਦੇਸ਼ਾਂ ਵਿੱਚ ਜਾਣ ਦੀ ਮਜਬੂਰੀ : ...(ੳ) ਗਰੀਬੀ ...(ਅ) ਬੇਰੁਜ਼ਗਾਰੀ ... (ੲ) ਆਰਥਕ ਸ਼ੋਸ਼ਣ ... ਸ਼ੁਹਰਤ ਕਾਇਮ ਰੱਖਣੀ ... ਵਿਦੇਸ਼ਾਂ ਵਿੱਚ ਜਾਣ ਦਾ ਲਾਲਚ ...(ੳ) ਪੈਸੇ ਦਾ ਬੋਲਬਾਲਾ ... (ਅ) ਵਿਦੇਸ਼ਾਂ ਵਿੱਚ ਵਿਕਾਸ ਦੇ ਮੌਕੇ ਵਧੇਰੇ ... (ੲ) ਭਵਿੱਖ ਦੀ ਸੁਰੱਖਿਆ ... (ਸ) ਭ੍ਰਿਸ਼ਟਾਚਾਰ ਦੀ ਅਣਹੋਂਦ ...(ਹ) ਮਾਨਸਿਕ ਸੋਚ ... ਸਿੱਟਾ।

**9.** ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਆਪਣੀ ਵੱਡੀ ਭੈਣ ਦੇ ਵਿਆਹ ਉੱਤੇ ਇੱਕ ਹਫ਼ਤੇ ਦੀਆਂ ਛੁੱਟੀਆਂ ਲੈਣ ਲਈ ਬੇਨਤੀ ਪੱਤਰ ਲਿਖੋ।


ਪ੍ਰਮੁੱਖ ਨੁਕਤੇ : ਭੈਣ ਦਾ ਵਿਆਹ ਨੀਯਤ ਹੋਣਾ ... ਲੰਮੀ ਛੁੱਟੀ ਨਾ ਮਿਲਣਾ ... ਪਿਤਾ ਜੀ ਦਾ ਸਰਕਾਰੀ ਨੌਕਰੀ 'ਤੇ ਬਾਹਰ ਹੋਣਾ ... ਵਿਆਹ ਵਿੱਚ ਅੱਠ ਦਿਨ ਰਹਿ ਜਾਣਾ " ... " ਕੁਝ ਕੰਮ ਅਧੂਰੇ ਹਨ ... 22 ਤੋਂ 28 ਨਵੰਬਰ 2025 ਤਕ ਛੁੱਟੀਆਂ ਲੈਣਾ ... ਧੰਨਵਾਦ ਸਹਿਤ।

ਜਾਂ

ਤੁਹਾਡਾ ਮਿੱਤਰ ਲੰਮੀ ਬਿਮਾਰੀ ਕਾਰਨ ਨਿਰ-ਉਤਸ਼ਾਹਿਤ ਹੋ ਗਿਆ ਹੈ। ਉਸ ਨੂੰ ਹੌਸਲਾ ਦੇ ਕੇ ਉਤਸ਼ਾਹਿਤ ਕਰੋ।

ਪ੍ਰਮੁੱਖ ਨੁਕਤੇ — ਮਿੱਤਰ ਨੂੰ ਪੱਤਰ ............... ਲੰਮੀ ਬਿਮਾਰੀ ............... ਮਾਨਸਕ ਤੌਰ 'ਤੇ ਪਰੇਸ਼ਾਨ ਹੋਣਾ ............... ਹੌਸਲਾ ਦੇਣਾ ............... ਪੇਪਰਾਂ ਦਾ ਫ਼ਿਕਰ ਨਾ ਕਰਨ ਬਾਰੇ ...............। (1×6=6)

**10.** ਹੇਠਾਂ ਦਿੱਤੀ ਤਸਵੀਰ ਦਾ ਵਿਸ਼ਾ/ਸਿਰਲੇਖ ਦੱਸਦੇ ਹੋਏ ਆਪਣੇ ਵਿਚਾਰ 50 ਸ਼ਬਦਾਂ ਵਿੱਚ ਲਿਖੋ : (1×4=4)



A-3

Scanned with OKEN Scanner

## ਭਾਗ-IV

**ਪਾਠ-ਪੁਸਤਕ ਆਧਾਰਿਤ ਪ੍ਰਸ਼ਨ (ਵੰਨਗੀ ਅਤੇ ਸਾਹਿਤ ਮਾਲਾ)**

**11.** ਹੇਠਾਂ ਦਿੱਤੇ ਕਹਾਣੀ ਅਤੇ ਵਾਰਤਕ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :

ਬਹੁ-ਵਿਕਲਪੀ ਪ੍ਰਸ਼ਨ-ਉੱਤਰ : (5×1=5)

(i) ਬੋਲੀ ਮਨੁੱਖ ਦੀ .......... ਚਿੱਤਰ ਹੈ।

(ੳ) ਚਿਹਰੇ ਦਾ ☐ (ਅ) ਆਤਮਾ ਦਾ ☐

(ੲ) ਸਰੀਰ ਦਾ ☐ (ਸ) ਭਾਸ਼ਾ ਦਾ ☐

(ii) ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਪਹਿਲੇ ਟ੍ਰੈਕਟ ਦਾ ਨਾਮ ਕੀ ਸੀ ?

(ੳ) ਸਿਰਜਣਾ ☐ (ਅ) ਖ਼ਾਲਸਾ ☐

(ੲ) ਟ੍ਰੈਕਟ ☐ (ਸ) ਪ੍ਰਾਰਥਨਾ ☐

(iii) 'ਕੁਲਫ਼ੀ' ਕਹਾਣੀ ਵਿੱਚ ਲੇਖਕ ਦੇ ਘਰ ਉਲਾਂਭਾ ਲੈ ਕੇ ਕੌਣ ਆਉਂਦਾ ਹੈ ?

(ੳ) ਕੁਲਫ਼ੀ ਵਾਲ਼ਾ ☐ (ਅ) ਸ਼ਾਹ ਦੀ ਪਤਨੀ ☐

(ੲ) ਮੁਰਮੁਰੇ ਵਾਲ਼ਾ ☐ (ਸ) ਸ਼ਾਹ ☐

(iv) ਮਾਨ ਸਿੰਘ ਫ਼ੌਜ ਵਿੱਚ ਕੀ ਸੀ ?

(ੳ) ਸਿਪਾਹੀ ☐ (ਅ) ਨਾਇਕ ☐

(ੲ) ਸੂਬੇਦਾਰ ☐ (ਸ) ਕਰਨਲ ☐

(v) 'ਅੰਗ-ਸੰਗ' ਕਹਾਣੀ ਵਿੱਚ ਕਰਤਾਰ ਸਿੰਘ ਦਾ ਪਿਤਾ ਕਿਹੜੇ ਦੇਸ਼ ਕੰਮ ਕਰਦਾ ਸੀ ?

(ੳ) ਮਲੇਸ਼ੀਆ ਵਿੱਚ ☐ (ਅ) ਸਿੰਗਾਪੁਰ ਵਿੱਚ ☐

(ੲ) ਨੇਪਾਲ ਵਿੱਚ ☐ (ਸ) ਚੀਨ ਵਿੱਚ ☐

(vi) 'ਮੇਰੇ ਵੱਡੇ ਵਡੇਰੇ' ਲੇਖ ਦੇ ਲੇਖਕ ਦਾ ਨਾਮ ਦੱਸੋ।

(ੳ) ਗਿਆਨੀ ਗੁਰਦਿੱਤ ਸਿੰਘ ☐ (ਅ) ਡਾ. ਬਲਬੀਰ ਸਿੰਘ ☐

(ੲ) ਪ੍ਰਿੰ: ਤੇਜਾ ਸਿੰਘ ☐ (ਸ) ਸ. ਗੁਰਬਖਸ਼ ਸਿੰਘ ☐

**12.** ਹੇਠਾਂ ਦਿੱਤੇ ਕਵਿਤਾ ਅਤੇ ਇਕਾਂਗੀ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ : (5×1=5)

ਬਹੁ-ਵਿਕਲਪੀ ਪ੍ਰਸ਼ਨ-ਉੱਤਰ :

(i) 'ਸੋ ਕਿਉ ਮੰਦਾ ਆਖੀਐ' ਬਾਣੀ ਦੇ ਰਚਨਾਕਾਰ ਕੌਣ ਹਨ ?

(ੳ) ਸ੍ਰੀ ਗੁਰੂ ਨਾਨਕ ਦੇਵ ਜੀ ☐ (ਅ) ਸ੍ਰੀ ਗੁਰੂ ਅਰਜਨ ਦੇਵ ਜੀ ☐

(ੲ) ਸ੍ਰੀ ਗੁਰੂ ਅੰਗਦ ਦੇਵ ਜੀ ☐ (ਸ) ਸ੍ਰੀ ਗੁਰੂ ਰਾਮਦਾਸ ਜੀ ☐

(ii) 'ਕਿਰਪਾ ਕਰਿ ਕੈ ਬਖਸਿ ਲੈਹੁ' ਬਾਣੀ ਦੇ ਰਚਨਾਕਾਰ ਕੌਣ ਹਨ ?

(ੳ) ਸ੍ਰੀ ਗੁਰੂ ਨਾਨਕ ਦੇਵ ਜੀ ☐ (ਅ) ਭਾਈ ਗੁਰਦਾਸ ਜੀ ☐

(ੲ) ਸ੍ਰੀ ਗੁਰੂ ਅਮਰਦਾਸ ਜੀ ☐ (ਸ) ਭਗਤ ਕਬੀਰ ਜੀ ☐

(iii) ਵਿਕਾਰਾਂ ਦਾ ਔਖਾ ਘੋਲ਼ ਕਿਸ ਦੀ ਕਿਰਪਾ ਨਾਲ਼ ਜਿੱਤਿਆ ਜਾ ਸਕਦਾ ਹੈ ?

(ੳ) ਮਨੁੱਖ਼ ਦੀ ☐ (ਅ) ਮਨਮੁਖ ਦੀ ☐

(ੲ) ਗੁਰੂ ਦੀ ☐ (ਸ) ਚੇਲੇ ਦੀ ☐

(iv) ਸ਼ਾਹ ਮੁਹੰਮਦ ਦੀ ਜੰਗਨਾਮਾ ਸਿੰਘਾਂ ਤੇ ਫਿਰੰਗੀਆਂ ਰਚਨਾ ਨੂੰ ਕੀ ਕਹਿ ਕੇ ਵਡਿਆਇਆ ਗਿਆ ਹੈ ?

(ੳ) ਮਹਾਂ-ਕਾਵਿ ☐ (ਅ) ਸ਼ਾਹਕਾਰ ਰਚਨਾ ☐

(ੲ) ਕਾਵਿ-ਰਚਨਾ ☐ (ਸ) ਸਧਾਰਨ ਰਚਨਾ ☐

(v) 'ਸੰਤ ਸਿੰਘ ਸੇਖੋਂ' ਦੀ ਕਿਹੜੀ ਇਕਾਂਗੀ 'ਵੰਨਗੀ' ਪੁਸਤਕ ਵਿੱਚ ਦਰਜ ਹੈ ?

(ੳ) ਦੂਜਾ ਵਿਆਹ ☐ (ਅ) ਜ਼ਫ਼ਰਨਾਮਾ ☐

(ੲ) ਬੰਬ ਕੇਸ ☐ (ਸ) ਅੰਨ੍ਹੇ ਨਿਸ਼ਾਨਚੀ ☐



Scanned with OKEN Scanner

... ਦੀ ਮਾਤਾ ਦਾ ਨਾਮ ਦੱਸ।

ii) ਕਾਰਲਾਇਲ ਨੇ ਕਿਹੜੇ ਵਿਸ਼ੇ 'ਤੇ ਲੇਖ ਲਿਖੇ।

iii) ਕਿਹੜੀ ਚੀਜ਼ ਤਜਰਬੇ ਤੋਂ ਸਿੱਖੀ ਜਾਂਦੀ ਹੈ ?

iv) 'ਧਰਤੀ ਹੇਠਲਾ ਬਲਦ' ਕਹਾਣੀ ਵਿੱਚ ਕਿਹੜੀ ਜਗ੍ਹਾ ਦੀ ਲੜਾਈ ਦਾ ਜ਼ਿਕਰ ਹੈ ?

v) 'ਕੁਲਫ਼ੀ' ਕਹਾਣੀ ਵਿੱਚ ਮੁੰਡਾ ਕਿਹੜੀ ਚੀਜ਼ ਨੂੰ ਰੁਪਏ ਕਹਿੰਦਾ ਹੈ ?

ਹੇਠਾਂ ਦਿੱਤੇ ਕਹਾਣੀ, ਇਕਾਂਗੀ ਤੇ ਵਾਰਤਕ ਵਿੱਚੋਂ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ :

(7×2=14)

(i) ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ ?

(ii) ਲੇਖਕ ਅਨੁਸਾਰ ਮਨੁੱਖ ਦਾ ਆਚਰਣ ਬਣਾਉਣ ਵਿੱਚ ਘਰ ਦੀ ਕੀ ਭੂਮਿਕਾ ਹੈ ?

(iii) 'ਬੋਲੀ ਜ਼ਿੰਦਗੀ ਦੀ ਅਮੀਰੀ ਵਿੱਚੋਂ ਆਪਣੇ ਲਫ਼ਜ਼ ਚੁਣਦੀ ਹੈ।' ਕਿਵੇਂ ?

(iv) 'ਦੂਜਾ ਵਿਆਹ' ਇਕਾਂਗੀ ਵਿੱਚ ਮਨਜੀਤ ਦੀ ਸੱਸ ਕਿਸ ਗੱਲ ਦਾ ਡਰਾਵਾ ਦਿੰਦੀ ਰਹਿੰਦੀ ਹੈ ?

(v) ਜ਼ੀਨਤ ਦੇ ਸੁਭਾਅ ਬਾਰੇ ਸੰਖੇਪ ਵਿੱਚ ਲਿਖੋ।

(vi) ਵਜ਼ੀਰ ਖਾਨ ਨੇ ਔਰੰਗਜ਼ੇਬ ਦਾ ਨਾਮ ਕਿਵੇਂ ਬਦਨਾਮ ਕੀਤਾ ?

(vii) 'ਕੁਝ ਵੱਡ ਹੁੰਦੇ, ਕਾਇਰ ਪਿਓ ਦੇ ਘਰ ਬਹਾਦਰ ਮੁੰਡਾ ਜੰਮਿਐ।' ਕੁਲਫ਼ੀ ਕਹਾਣੀ ਵਿੱਚ ਇਹ ਵਾਰਤਾਲਾਪ ਕਿੱਥੇ ਆਉਂਦਾ ਹੈ ? ਇਸ ਦਾ ਭਾਵ ਕੀ ਹੈ ?

(viii) 'ਅੰਗ-ਸੰਗ' ਕਹਾਣੀ ਵਿੱਚ ਸੁਸਾਇਟੀ ਦੇ ਇੰਸਪੈਕਟਰ ਨੇ ਅਮਰੀਕ ਸਿੰਘ ਨੂੰ ਕਿਸ ਗੱਲ ਦੀ ਰਿਆਇਤ ਦਿੱਤੀ ?

(ix) ਕਰਮ ਸਿੰਘ ਦੇ ਘਰ ਵਾਲੇ ਕਰਮ ਸਿੰਘ ਦੀ ਸ਼ਹੀਦੀ ਦੀ ਗੱਲ ਮਾਨ ਸਿੰਘ ਦੇ ਸਾਹਮਣੇ ਕਿਉਂ ਛੁਪਾਉਂਦੇ ਹਨ ?

---

15. ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ, ਹਰੇਕ ਦੇ 4 ਅੰਕ ਹਨ)

(2×4=8)

(i) ਸਿੱਖ ਧਰਮ ਵਿੱਚ ਅਰਦਾਸ ਦੀ ਕੀ ਮਹੱਤਤਾ ਹੈ ? ਇਹ ਕਿਹੜੇ-ਕਿਹੜੇ ਮੌਕੇ 'ਤੇ ਕੀਤੀ ਜਾਂਦੀ ਹੈ ?

ਜਾਂ

'ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ' 'ਘਰ ਦਾ ਪਿਆਰ' ਲੇਖ ਦੇ ਆਧਾਰ 'ਤੇ ਇਸ ਵਾਕ ਨੂੰ ਸਪੱਸ਼ਟ ਕਰੋ।

(ii) 'ਸੋ ਕਿਉ ਮੰਦਾ ਆਖੀਐ' ਬਾਣੀ ਦਾ ਸਾਰ ਲਿਖੋ।

ਜਾਂ

'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਬਾਣੀ ਵਿੱਚ ਗੁਰੂ ਸਾਹਿਬ ਸਾਨੂੰ ਕੀ ਸਿੱਖਿਆ ਦੇਣਾ ਚਾਹੁੰਦੇ ਹਨ ?

16. ਇਕਾਂਗੀ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਦਾ ਉੱਤਰ 50-60 ਸ਼ਬਦਾਂ ਵਿੱਚ ਦਿਓ, ਹਰੇਕ ਦੇ 4 ਅੰਕ ਹਨ)

(1×4=4)

'ਜ਼ਫ਼ਰਨਾਮਾ' ਨਾਂ ਦੇ ਖ਼ਤ ਨੂੰ ਪੜ੍ਹ ਕੇ ਔਰੰਗਜ਼ੇਬ 'ਤੇ ਕੀ ਪ੍ਰਭਾਵ ਪਿਆ।

ਜਾਂ

'ਦੂਜਾ ਵਿਆਹ' ਇਕਾਂਗੀ ਵਿੱਚ ਆਈ ਪਾਤਰ ਨਿਹਾਲ ਕੌਰ ਦਾ ਪਾਤਰ ਚਿਤਰਨ ਕਰੋ।

---

A-5

Scanned with OKEN Scanner